# ਸਾਧੂ ਬਿਨਿੰਗ ਦੀਆਂ ਕਹਾਣੀਆਂ ਵਿਚ ਸਭਿਆਚਾਰਕ ਤਣਾਉ

ਡਾ. ਸਤਿੰਦਰ ਕੌਰ
ਅਸਿਸਟੈਂਟ ਪ੍ਰੋਫੈਸਰ, ਪੀ.ਜੀ. ਪੰਜਾਬੀ ਵਿਭਾਗ,
ਮਾਲਵਾ ਕਾਲਜ ਬੌਂਦਲੀ, ਸਮਰਾਲਾ।

ਸਾਧੂ ਬਿਨਿੰਗ ਦੀ ਕਹਾਣੀ 'ਰਾਖੇ' ਕਨੇਡੀਅਨ ਸਮਾਜ ਵਿਚ ਨਸਲੀ ਵਿਤਕਰਾ ਭੋਗ ਰਹੀ ਪੰਜਾਬੀ ਪਰਵਾਸੀ ਪੀੜ੍ਹੀ ਦੀ ਤ੍ਰਾਸਦਿਕ ਹਾਲਤ ਨੂੰ ਚਿਤਰਿਆ ਗਿਆ ਹੈ। ਉਹਨਾਂ ਦੇ ਘਰਾਂ ਦੇ ਰੋਜ਼ ਸ਼ੀਸ਼ੇ ਤੋੜੇ ਜਾਂਦੇ ਹਨ। ਉਹਨਾਂ ਤੇ ਨਸਲੀ ਹਮਲੇ ਕੀਤੇ ਜਾਂਦੇ ਹਨ, ਪਰ ਨਾਇਕ ਤੇ ਨਾਇਕਾ ਉਹਨਾਂ ਹਮਲਿਆਂ ਦਾ ਮੁਕਾਬਲਾ ਕਰਨ ਵੇਲੇ ਦੁਚਿੱਤੀ ਦੀ ਸਥਿਤੀ ਵਿਚ ਹਨ। ਕਦੇ ਉਹ ਉਹਨਾਂ ਨਸਲੀ ਹਮਲਾਵਰਾਂ ਵਿਰੁੱਧ ਪੁਲਿਸ ਨੂੰ ਸੂਚਨਾ ਦੇਣੀ ਚਾਹੁੰਦੇ ਹਨ ਪਰ ਕਦੇ ਨਸਲੀ ਵਿਤਕਰੇ ਨੂੰ ਹੋਣੀ ਵਾਂਗ ਪਰਵਾਨ ਵੀ ਕਰ ਲੈਂਦੇ ਹਨ।

ਫੈਕਟਰੀਆਂ ਵਿਚ ਹੁੰਦੇ ਨਸਲੀ ਵਿਤਕਰੇ ਨੂੰ ਤਾਂ ਨਾਇਕ ਅੰਗਰੇਜ਼ਾਂ ਦਾ ਅਧਿਕਾਰ ਸਮਝਦਾ ਹੈ। ਜਿੱਥੇ ਹਰਨਾਮ ਸਿੰਘ ਬੋਲ ਉਠਦਾ ਹੈ:

> ਮਿੱਲਾਂ 'ਚ ਜਾਂ ਹੋਰ ਕੰਮਾਂ ਕਾਰਾਂ 'ਤੇ ਹੁੰਦੇ ਵਿਤਕਰੇ ਨੂੰ ਓਹਨੇ ਕਦੇ ਗੌਲਿਆ ਹੀ ਨਹੀਂ ਸੀ। ਇਸ ਤਰ੍ਹਾਂ ਦਾ ਵਿਤਕਰਾ ਕਰਨਾ ਉਹ ਗੋਰਿਆਂ ਦਾ ਹੱਕ ਸਮਝਦਾ ਸੀ।[1]

ਇਵੇਂ ਪੰਜਾਬੀ ਪਰਵਾਸੀ ਨੂੰ ਪ੍ਰੋਖ ਰੂਪ ਵਿਚ ਹੁੰਦੇ ਨਸਲੀ ਵਿਤਕਰੇ ਤੇ ਨਸਲੀ ਸੋਸ਼ਣ ਨੂੰ ਸਹਿਣ ਦੀ ਆਦਤ ਪੈ ਚੁੱਕੀ ਹੈ। ਪਰ ਬਹੁਤਾ ਵਿਚਲਤ ਉਹਨਾਂ ਨੂੰ ਪ੍ਰੱਤਖ ਨਸਲੀ ਹਮਲਿਆਂ ਨੇ ਕੀਤਾ ਹੈ, ਜਿਨ੍ਹਾਂ ਨਾਲ ਉਹਨਾਂ ਨੂੰ ਸਰੀਰਕ ਰੂਪ ਵਿਚ ਨੁਕਸਾਨ ਹੋ ਸਕਦਾ ਸੀ।

ਪੰਜਾਬੀ ਪਰਵਾਸੀਆਂ ਦਾ ਸਭਿਆਚਾਰਕ ਤਣਾਓ ਕੋਈ ਬਹੁਤਾ ਉੱਗਰ ਰੂਪ ਵਿਚ ਪ੍ਰੱਤਖ ਨਹੀਂ ਹੁੰਦਾ ਸਗੋਂ ਇਕ ਸਮਝੌਤੇ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਇਹ ਸ਼ਬਦ ਦਇਆ ਕੌਰ ਉਸ ਸਮੇਂ ਕਹਿੰਦੀ ਹੈ ਜਦੋਂ ਉਹਨਾਂ ਦੇ ਪੁਲਿਸ ਨੂੰ ਮਦਦ ਲਈ ਫੋਨ ਕਰਨ ਤੋਂ ਬਾਦ ਪੁਲਿਸ ਆ ਨਹੀਂ ਰਹੀ। ਪਹਿਲਾਂ ਪੁਲਿਸ ਨੂੰ ਗਾਲਾਂ ਕੱਢਦੇ ਹਨ ਪਰ ਬਾਦ ਵਿਚ ਨਸਲੀ ਹੋਣੀ ਪ੍ਰਤਿ ਘੱਟ ਸੰਵੇਦਨਸ਼ੀਲ ਹੁੰਦੀ ਦਇਆ ਕੌਰ ਕਹਿੰਦੀ ਹੈ:

> ਉਹ ਵਿਚਾਰੇ ਕੀ ਕਰਨ ਖਬਰਿਆਂ ਕਿੰਨੀ ਥਾਂ ਹੀ ਜਾਣਾ ਪੈਂਦਾ ਹਉ ਉਹਨਾਂ ਨੂੰ।[2]

ਨਸਲੀ ਵਿਤਕਰਾ ਜਿੱਥੇ ਪਰਵਾਸੀਆਂ ਵਿਚ ਭੂ ਹੇਰਵਾ ਜਗਾਉਂਦਾ ਹੈ ਉਥੇ ਉਹਨਾਂ ਦੀ ਸੋਚ ਨੂੰ ਬੁਰੀ ਤਰ੍ਹਾ ਝੰਜੋੜ ਵੀ ਜਾਂਦਾ ਹੈ ਕਿ ਆਮ ਬੰਦੇ ਲਈ ਤਾਂ ਪੁਲਿਸ ਦਾ ਕੋਈ ਫਰਜ਼ ਨਹੀਂ, ਉਹ ਚਾਹੇ ਦਿਨ ਦਿਹਾੜੇ ਮਾਰ ਦਿੱਤੇ ਜਾਣ। ਜੇ ਸਹਾਇਤਾ ਲਈ ਆ ਵੀ ਜਾਣ ਤਾਂ ਸਵਾਇ ਰਸਮੀ ਕਾਰਵਾਈ ਦੇ ਕੁਝ ਨਹੀਂ ਕਰਦੇ। ਪਰ ਕੋਈ ਸੰਸਥਾ ਚਾਹੇ ਭੁਲੇਖੇ ਵਿਚ ਹੀ ਫ਼ੋਨ ਕਰ ਦੇਵੇ ਪੂਰੀ ਸਹਾਇਤਾ ਸਮੇਂ ਸਿਰ ਪਹੁੰਚ ਜਾਂਦੀ ਹੈ। ਇਥੇ ਇਹੀ ਗੱਲ ਪੰਜਾਬੀਆਂ ਲਈ ਮਾਨਸਿਕ ਤਣਾਓ ਜ਼ਿਆਦਾ ਮਾਰੂ ਰੂਪ ਵਿਚ ਪੈਦਾ ਕਰ ਦਿੰਦੀ ਹੈ। ਇਹੀ ਪੰਜਾਬੀਆਂ ਦੀ ਇਹਨਾਂ ਪਰਵਾਸੀ ਧਰਤੀਆਂ 'ਤੇ ਤ੍ਰਾਸਦੀ ਹੈ। ਇਸ ਕਹਾਣੀ ਤੋਂ ਇਕ ਗੱਲ ਸ਼ਪਸ਼ਟ ਹੁੰਦੀ ਹੈ ਕਿ ਪੁਲਿਸ ਵੀ ਇਹਨਾਂ ਨਸਲੀ ਹਮਲਾਵਰਾਂ ਨਾਲ ਬੁਰੀ ਤਰ੍ਹਾਂ ਮਿਲੀ ਹੋਈ ਹੈ। ਇਸ ਵਿਚ ਵੀ 'ਵਾਪਸੀ' ਵਾਲੀ ਸਥਿਤੀ ਪੈਦਾ ਹੋਈ ਹੈ, ਪੁਲਿਸ ਦੀ ਸ਼ਹਿ ਬਿਨਾਂ ਨਾ ਤਾਂ ਕੋਈ ਜ਼ੁਰਮ ਪਨਪ ਸਕਦਾ ਹੈ ਤੇ ਨਾ ਹੀ ਆਪਣੀਆਂ ਜੜ੍ਹਾਂ ਸਮਾਜ ਵਿਚ ਫੈਲਾ ਸਕਦਾ ਹੈ:

> ਉਸਨੂੰ ਬੜਾ ਗੁੱਸਾ ਆ ਰਿਹਾ ਸੀ ਉਹ ਸੋਚ ਰਿਹਾ ਸੀ ਕਿ ਜੇ ਬੈਂਕ ਵਿਚ ਕਿਸੇ ਤੋਂ ਗਲਤੀ ਨਾਲ ਵੀ ਬਟਨ ਦੱਬ ਹੋ ਜਾਵੇ ਤਾਂ ਪੂਰੀ ਦੀ ਪੂਰੀ ਗਾਰਦ ਹਥਿਆਰਾਂ ਸਮੇਤ ਉਥੇ ਪਹੁੰਚ ਜਾਂਦੀ ਆ। ਪਰ ਇਥੇ ਹਮਾਤੜਾਂ ਨੂੰ ਭਾਵੇਂ ਕੋਈ ਅੱਧੀ ਰਾਤ ਮਾਰ ਕੇ ਸਿੱਟ ਜਾਵੇ ਫੇਰ ਵੀ ਸਾਲੇ ਮਰਜ਼ੀ ਨਾਲ ਈ ਆਉਣਗੇ।[3]

ਪੰਜਾਬੀ ਪਰਵਾਸੀਆਂ ਦੀ ਤ੍ਰਾਸਦਿਕ ਹਾਲਤ ਲਈ ਜਿੱਥੇ ਸਰਕਾਰ ਜ਼ਿੰਮੇਵਾਰ ਹੈ, ਉਥੇ ਪੰਜਾਬੀ ਖੁਦ ਵੀ ਜ਼ਿੰਮੇਵਾਰ ਹਨ। ਪੰਜਾਬੀ ਆਪਣੀ 'ਗੁਲਾਮ ਹੋ ਚੁੱਕੀ ਮਾਨਸਿਕਤਾ ਕਰਕੇ ਨਸਲਵਾਦ ਵਿਰੁੱਧ ਕੋਈ ਫੈਸਲਾਕੁੰਨ ਕੋਸ਼ਿਸ਼ ਨਹੀਂ ਕਰਦੀ ਤੇ ਉਸ ਨਸਲਵਾਦੀ ਵਿਤਕਰੇ ਵਿਰੁੱਧ ਸਮਝੌਤਾਵਾਦੀ ਦ੍ਰਿਸ਼ਟੀ ਬਣਾ ਚੁੱਕੇ ਹਨ, ਜਿਸਨੇ ਆਰਥਿਕ ਸ਼ੋਸ਼ਣ ਲਈ ਪਿੱਠ-ਭੂਮੀ ਤਿਆਰ ਕੀਤੀ ਹੈ।'

'ਜੁੱਤੀ ਦੇ ਯਾਰ' ਕਹਾਣੀ ਵਿਚ ਆਪਣੇ ਨਾਲ ਹੁੰਦੇ ਨਸਲੀ ਵਿਤਕਰੇ ਦਾ ਹੱਲ ਪੰਜਾਬੀ ਪਰਵਾਸੀ ਆਪਣੇ ਜਟਕੇ ਢੰਗ ਵਿਚ ਲੱਭਦਾ ਹੈ ਤੇ ਸਮੱਸਿਆ ਵੀ ਹੱਲ ਹੋ ਜਾਂਦੀ ਹੈ। ਜਿੰਨਾ ਨਸਲਵਾਦੀ ਤਨਾਓ ਪੰਜਾਬੀ ਪਰਵਾਸੀਆਂ ਦੀ ਪਹਿਲੀ, ਦੂਜੀ ਪੀੜ੍ਹੀ ਨੇ ਮਹਿਸੂਸ ਕੀਤਾ ਹੈ ਓਨਾ ਜਵਾਨ ਪੀੜ੍ਹੀ ਮਹਿਸੂਸ ਨਹੀਂ ਕਰਦੀ। ਜੇਕਰ ਉਹਨਾਂ ਨਾਲ ਕੋਈ ਵਿਤਕਰਾ ਕਰਦਾ ਹੈ ਤਾਂ ਉਹ ਆਪਣੀ ਵਿਰੋਧੀ ਆਵਾਜ਼ ਬੁਲੰਦ ਕਰਦੇ ਹਨ ਤੇ ਯੋਗ ਮੰਜ਼ਿਲਾਂ ਸਰ ਕਰ ਰਹੇ ਹਨ। ਜਿਹੜੀ ਪੀੜ੍ਹੀ ਉਥੇ ਜੰਮੀ ਪਲੀ ਤੇ ਪ੍ਰਵਾਨ ਚੜ੍ਹੀ ਉਹ ਪੂੰਜੀਵਾਦੀ ਕਦਰਾਂ ਕੀਮਤਾਂ ਨੂੰ ਆਪਣੇ ਵਿਚ ਰਚਾਈ ਬੈਠੀ ਹੈ। ਉਹ ਨਸਲਵਾਦ ਨੂੰ ਮਹਿਸੂਸ ਨਹੀਂ ਕਰਦੇ।

ਅੱਜ ਦੀਆਂ ਪੂੰਜੀਵਾਦੀ, ਪ੍ਰਸਥਿਤੀਆਂ ਵਿਚ ਮਨੁੱਖ ਮਾਨਵ ਦੇ ਸੰਪਰਕ ਵਿਚ ਘੱਟ ਹੈ ਤੇ ਮਸ਼ੀਨਾਂ, ਤਕਨਾਲੋਜੀ ਦੇ ਸੰਪਰਕ ਵਿਚ ਜ਼ਿਆਦਾ। ਇਹ ਤੱਥ ਹੈ ਕਿ ਜਿਸ ਚੀਜ਼ ਨਾਲ ਮਨੁੱਖ ਦਾ ਸੰਬੰਧ ਹੋਵੇਗਾ, ਉਸ ਚੀਜ਼ ਦੇ ਗੁਣ ਮਨੁੱਖ ਵਿਚ ਲਾਜ਼ਮੀ ਤੌਰ 'ਤੇ ਪਰਵੇਸ਼ ਕਰ ਜਾਣਗੇ। ਮਨੁੱਖ ਨੇ ਪਦਾਰਥਕ ਖੇਤਰ ਵਿਚ ਚਾਹੇ ਵਧੇਰੇ ਤਰੱਕੀ ਕਰ ਲਈ ਹੈ ਪਰ ਮਾਨਵੀ ਗੁਣਾਂ ਤੋਂ ਸੱਖਣਾ ਹੋ ਗਿਆ ਹੈ। ਏਸੇ ਕਰਕੇ ਬੇਗਾਨਗੀ ਜਨਮਦੀ ਹੈ:

> ਮੂਲ ਮਾਨਵਤਾ ਦੀ ਤਲਾਸ਼ ਮਨੁੱਖ ਦੀ ਮਾਨਸਿਕ ਅਵਸਥਾ ਦਾ ਅਹਿਮ ਪਹਿਲੂ ਹੈ। ਇਸ ਦੀ ਅਪ੍ਰਾਪਤੀ ਨਿਰਾਸ਼ਾ ਦਾ ਕਾਰਨ ਬਣਦੀ ਹੈ ਜੋ ਬੇਗਾਨਗੀ ਨੂੰ ਜਨਮ ਦੇਣ ਦਾ ਮੁੱਢਲਾ ਕਾਰਨ ਹੋ ਨਿਬੜਦੀ ਹੈ।[4]

ਪਦਾਰਥ ਕਮਾਉਂਦਾ ਮਨੁੱਖ ਰਿਸ਼ਤਿਆਂ ਦਾ ਆਧਾਰ ਵੀ ਪਦਾਰਥ ਹੀ ਬਣਾ ਬੈਠਾ ਹੈ। ਏਸੇ ਕਰਕੇ ਮਨੁੱਖੀ ਰਿਸ਼ਤਿਆਂ ਵਿਚੋਂ ਪਿਆਰ, ਸਾਂਝ ਖ਼ਤਮ ਹੋ ਗਈ ਹੈ ਤੇ ਛਲ, ਫਰੇਬ, ਸੁਆਰਥ, ਤੰਗ ਦ੍ਰਿਸ਼ਟੀ ਤੇ ਪਦਾਰਥ ਆ ਚੁੱਕਾ ਹੈ:

> ਵਰਤਮਾਨ ਯੁਗ ਜਿਥੇ ਵਿਗਿਆਨ ਅਤੇ ਤਕਨਾਲੋਜੀ ਦੇ ਖੇਤਰ ਵਿਚ ਵਿਕਾਸ ਦੀਆ ਸਿਖਰਾਂ ਨੂੰ ਛੂੰਹਦਾ ਹੈ ਉਥੇ ਵਰਤਮਾਨ ਮਨੁੱਖ ਦੀ ਸ਼ਖਸੀਅਤ ਸੱਖਣੀ, ਸ਼ੁਨਯ ਅਤੇ ਲਘੂ ਬਣ ਕੇ ਰਹਿ ਗਈ ਹੈ। ਇਹ ਇਕ ਅਜਿਹੀ ਸਥਿਤੀ ਹੈ ਜਿਹੜੀ ਵਿਅਕਤੀ ਨੂੰ ਵਿਸੰਗਤ ਅਥਵਾ ਨਿਰਾਰਥਕ ਜੀਵਨ ਦਾ ਬੋਧ ਕਰਵਾਉਣ ਵਿਚ ਸਮੱਰਥ ਹੈ।[5]

ਮਸ਼ੀਨੀ ਦੁਨੀਆਂ ਵਿਚ ਮਨੁੱਖ ਇਕ ਪੁਰਜਾ ਬਣ ਕੇ ਰਹਿ ਗਿਆ ਹੈ। ਜਿਸਦੀ ਆਪਣੀ ਕੋਈ ਮਰਜ਼ੀ ਨਹੀਂ ਹੁੰਦੀ, ਕੋਈ ਭਾਵੁਕਤਾ ਨਹੀਂ ਹੁੰਦੀ। ਮਨੁੱਖ ਮਨੁੱਖ ਤੋਂ ਦੂਰ ਹੋ ਰਿਹਾ ਹੈ। ਪੱਛਮ ਵਿਚ ਰਹਿੰਦੇ ਮਨੁੱਖ ਕੋਲ ਨਾ ਤਾਂ ਆਪਣੇ ਬਜ਼ੁਰਗਾਂ ਲਈ ਅਤੇ ਨਾ ਹੀ ਬੱਚਿਆਂ ਲਈ ਸਮਾਂ ਹੈ। ਉਹ ਆਪਣਾ ਸਾਰਾ ਸਮਾਂ ਪਦਾਰਥਕ ਫਾਇਦੇ ਵਾਸਤੇ ਲਗਾਉਂਦਾ ਹੈ। ਏਸੇ ਲਈ ਮਨੁੱਖ ਵਿਚੋਂ ਸਨੇਹ ਖ਼ਤਮ ਹੁੰਦਾ ਜਾ ਰਿਹਾ ਹੈ ਤੇ ਇਕੱਲਤਾ ਵਧਦੀ ਜਾ ਰਹੀ ਹੈ।

ਸਾਧੂ ਬਿਨਿੰਗ ਦੀ ਕਹਾਣੀ 'ਦਿਨ ਕਟੀ' ਵਿਚ ਬੇਗਾਨਗੀ ਤੇ ਅਜਨਬੀਅਤ ਜੋ ਇਕੱਲਤਾ 'ਚੋਂ ਨਿਕਲਦੀ ਹੈ, ਦੇ ਵਿਭਿੰਨ ਪਾਸਾਰ ਦਿਖਾਏ ਹਨ। ਸੈਮ ਜੋ ਪੰਜਾਬੀ ਭਾਈਚਾਰੇ ਨੂੰ ਮਹੱਤਵ ਦਿੰਦਾ ਹੈ ਤੇ ਪਰਿਵਾਰ ਨੂੰ ਜੋੜ ਕੇ ਰੱਖਣ ਵਿਚ ਵਿਸ਼ਵਾਸ ਰੱਖਦਾ ਹੈ ਜਦੋਂ 'ਮੈਂ' ਆਪਣੀ ਪਤਨੀ ਨੂੰ ਛੱਡਦਾ ਹੈ, ਤਾਂ ਉਸਨੂੰ ਬਹੁਤ ਗਾਲ੍ਹਾਂ ਕੱਢਦਾ ਹੈ, ਜੋ ਪਰਿਵਾਰ ਖ਼ਤਮ ਕਰ ਰਿਹਾ ਹੈ ਤੇ ਅਖੀਰ ਆਪਣੀ ਇਸ ਜੀਵਨ ਵਿਧੀ ਤੋਂ ਬਾਹਰ ਨਿਕਲ ਕੇ ਪੱਛਮੀ ਤਰਜ਼ ਅਪਨਾਉਣ ਵੱਲ ਰੁਚਿਤ ਹੁੰਦਾ ਹੈ। ਦੂਜੇ ਪਾਸੇ 'ਮੈਂ' ਪਾਤਰ ਪੱਛਮੀ ਜੀਵਨ ਵਿਧੀ ਜੋ ਐਸ਼ ਆਜ਼ਾਦੀ ਨੂੰ ਮਾਨਣ ਵੱਲ ਰੁਚਿਤ ਹੁੰਦੀ ਹੈ ਅਪਨਾਉਂਦਾ ਹੈ ਪਰ ਅਖ਼ੀਰ ਉਹ ਇਸ ਸਥਿਤੀ 'ਚੋਂ ਬੇਗਾਨਗੀ ਅਨੁਭਵ ਕਰਦਾ ਹੈ। ਇਸ ਤਰ੍ਹਾਂ ਦੋਵੇਂ ਪਾਤਰ ਜਿਵੇਂ ਵੀ ਇਕ ਪਾਸੜ ਜ਼ਿੰਦਗੀ ਜਿਊਣ ਦੀ ਕੋਸ਼ਿਸ਼ ਕਰਦੇ ਹਨ, ਉਸਨੂੰ ਕਹਾਣੀਕਾਰ ਅਧੂਰੀ ਸਮਝਦਾ ਹੈ, ਪੱਛਮੀ ਧਰਤੀ 'ਤੇ ਜਿਊਣ ਲਈ ਨਾ ਤਾਂ ਕੱਟੜ ਸਾਮੰਤੀਵਾਦੀ ਸੋਚ ਤੇ ਨਾ ਕੱਟੜ ਪੱਛਮੀ ਸੋਚ ਅਪਨਾਉਣ ਦੀ ਲੋੜ ਹੈ, ਬਲਕਿ ਵਿਚਕਾਰਲਾ ਸਭਿਆਚਾਰਕ ਰੂਪਾਂਤਰਣ ਵਾਲਾ ਨਜ਼ਰੀਆ ਰੱਖਣ ਦੀ ਲੋੜ ਹੈ। 'ਸੈਮ' ਵਰਗੀ ਪਰਿਵਾਰ ਪ੍ਰਤਿ ਸੁਹਿਰਦਤਾ ਵੀ ਹੋਣੀ ਚਾਹੀਦੀ ਹੈ ਤੇ 'ਮੈਂ' ਪਾਤਰ ਵਾਲੀ ਆਜ਼ਾਦ ਤਬੀਅਤ ਵੀ ਨਹੀਂ ਤਾਂ ਇਹਨਾਂ ਪਾਤਰਾਂ ਵਰਗੀ ਅਜਨਬੀਅਤ ਪੈਦਾ ਹੋਣੀ ਲਾਜ਼ਮੀ

ਹੈ। 'ਮੈਂ' ਪਾਤਰ ਪੂੰਜੀਵਾਦੀ ਲੀਹਾਂ 'ਤੇ ਤੁਰਦਿਆਂ ਵੀ ਸਮਾਜ ਵਿਚ ਇਕੱਲਤਾ ਭੋਗ ਰਿਹਾ ਹੈ ਕਿਉਂਕਿ ਰਿਸ਼ਤਿਆਂ ਵਿਚ ਸੁਹਿਰਦਤਾ ਮਨਫ਼ੀ ਹੈ ਤੇ ਬੇਗਾਨਗੀ ਦੀ ਸਥਿਤੀ ਵਿਚ ਆ ਜਾਂਦਾ ਹੈ ਉਸਦੇ ਸ਼ਬਦਾਂ ਵਿਚ:

> ਮੈਂ ਆਪਣੀ ਮਰਜ਼ੀ ਨਾਲ ਗੋਰਿਆਂ ਵਿਚ ਗੋਰਿਆਂ ਵਾਲੀ ਜ਼ਿੰਦਗੀ ਜਿਉਂਦਾ ਹਾਂ। ਪਰ ਕਦੀ ਕਦੀ ਮੈਨੂੰ ਆਪਣੇ ਆਲੇ ਦੁਆਲੇ ਤੋਂ ਇਕ ਬੇਚੈਨੀ ਜਿਹੀ ਹੋਣ ਲਗਦੀ ਹੈ। ਅਜਿਹੇ ਮੌਕੇ ਮੇਰੇ ਬਹੁਤ ਹੀ ਕੀਮਤੀ ਸਟੀਰਿਓ ਕੋਲ ਪਈਆਂ ਉਹ ਪੰਜਾਬੀ, ਹਿੰਦੀ ਤੇ ਉਰਦੂ ਗੀਤਾਂ, ਗਜ਼ਲਾਂ ਦੀਆਂ ਦਰਜਨਾਂ ਟੇਪਾਂ ਵੀ ਕੰਮ ਨਹੀਂ ਆਉਂਦੀਆਂ ਜੋ ਮੈਂ ਇਕੱਲਤਾ 'ਚ ਬੈਠ ਕੇ ਸੁਣਦਾ ਹਾਂ।[6]

ਸੈਮ ਕਹਿ ਉੱਠਦਾ ਹੈ:

> ਕਿਸਮਤ ਆਲੇ ਆਂ ਯਾਰ ਤੁਸੀਂ, ਸਾਡੇ ਭਾਗਾਂ 'ਚ ਇਹੋ ਜਿਹੀਆਂ ਗੱਲਾਂ ਕਿੱਥੇ। ਜ਼ਿੰਦਗੀ ਦਾ ਅਸਲੀ ਆਨੰਦ ਤਾਂ ਤੁਸੀਂ ਲੈਨੇ ਓ। ਅਸੀ ਂ ਤਾਂ ਐਵੇਂ ਦਿਨ ਕਟੀ ਈ ਕਰਨ ਆਏ ਆਂ ਇਥੇ।[7]

ਮਾਨਵਵਾਦੀ ਦ੍ਰਿਸ਼ਟੀ ਤੋਂ ਜੇਕਰ ਦੇਖੀਏ ਤਾਂ ਸਭਿਆਚਾਰਕ ਤਣਾਓ ਨੂੰ ਖ਼ਤਮ ਕਰਨ ਦਾ ਜਿਹੜਾ ਰਸਤਾ ਇਸ ਕਹਾਣੀ ਦੇ ਪਾਤਰਾਂ ਨੇ ਚੁਣਿਆ ਹੈ, ਉਹ ਸਹੀ ਹੈ। ਇਹ ਰਸਤਾ ਪੱਛਮੀ ਤੇ ਪੂਰਬੀ ਸਭਿਆਚਾਰ ਪ੍ਰਤਿ ਸੰਤੁਲਿਤ ਦ੍ਰਿਸ਼ਟੀਕੋਣ ਅਪਣਾਉਂਦਾ ਹੈ। ਡਾ. ਰਘਬੀਰ ਸਿੰਘ ਸਿਰਜਣਾ ਕਹਿੰਦਾ ਹੈ:

> ਜੋ ਰਾਹ ਸਾਧੂ ਚੁਣਦਾ ਹੈ, ਉਹ ਬਹੁਤ ਹੱਦ ਤੱਕ ਸੰਤੁਲਿਤ ਰਾਹ ਹੈ, ਉਹ ਪੁਰਾਣੇ ਵਿਚ ਜੋ ਕੁਝ ਮੁਲਵਾਨ ਹੈ, ਉਸਨੂੰ ਸਾਂਭ ਕੇ ਰੱਖਣ ਦੇ ਹੱਕ ਵਿਚ ਹੁੰਦਾ ਹੋਇਆ ਨਵੇਂ ਨੂੰ ਆਲੋਚਨਾਤਮਕ ਪਰਵਾਨਗੀ ਦਿੰਦਾ ਹੈ।[8]

ਡਾ. ਜੁਗਿੰਦਰ ਸਿੰਘ ਨਹਿਰੂ ਵੀ ਇਸ ਰਵੱਈਏ ਨੂੰ ਹਾਂ ਪੱਖੀ ਕਰਾਰ ਦਿੰਦਾ ਲਿਖਦਾ ਹੈ:

> ਕਹਾਣੀਕਾਰ ਦਾ ਕਲਾਤਮਕ ਵਿਵੇਕ, ਸ਼ਾਇਦ ਦੋਵੇਂ ਸਭਿਆਚਾਰਾਂ ਦੇ ਸੀਮਿਤ ਘੇਰੇ ਵਿਚੋਂ ਨਿਕਲਕੇ, ਦੋਵਾਂ ਸਭਿਆਚਾਰਾਂ ਦੇ ਹਾਂ ਪੱਖੀ ਤੇ ਵਧੇਰੇ ਤਰਕ ਸੰਗਤ ਮਾਹੌਲ ਦੀ ਲੋੜ ਦੇ ਵਿਵੇਦ ਨੂੰ ਚਿਤਰਣਾ ਹੈ। ਦੋਵਾਂ ਸਭਿਆਚਾਰਾਂ ਦੇ ਸਿਰਜਣਾਤਮਕ ਸਮਨਵੇ ਵਿਚੋਂ ਹੀ ਜੀਵਨ ਦਾ ਸੰਤੁਲਿਤ ਦ੍ਰਿਸ਼ਟੀਕੋਣ ਉਸਾਰਿਆ ਜਾ ਸਕਦਾ ਹੈ ਨਾ ਕਿ ਇਕ ਦੂਜੇ ਤੋਂ ਅਲੱਗ ਅਲੱਗ ਰਹਿ ਕੇ ਜਾਂ ਇਸਦੇ ਵਿਪਰੀਤ ਜਾ ਕੇ।[9]

ਸਾਧੂ ਬਿਨਿੰਗ ਦੀ ਕਹਾਣੀ 'ਬਰਫ਼ ਦਾ ਗੀਤ' ਵੀ 'ਪਛਾਣ' ਵਰਗੀ ਹੀ ਬਾਤ ਪਾਉਂਦੀ ਹੈ। ਇਸ ਕਹਾਣੀ ਵਿਚ ਬਜ਼ੁਰਗਾਂ ਨੂੰ ਆਪਣੀ ਸਹੂਲਤ ਜਾਂ ਲੋੜ ਹਿਤ ਪਹਿਲਾਂ ਪੂਰੀ ਇੱਜ਼ਤ ਦਿੱਤੀ ਜਾਂਦੀ ਹੈ, ਉਹ ਉਹਨਾਂ ਦੇ ਨਿਆਣਿਆਂ ਦੀ ਦੇਖ ਭਾਲ ਕਰਦੇ ਹਨ। ਇਥੋਂ ਤੱਕ ਕਿ ਘਰਾਂ ਦੇ ਖਰਚੇ ਤੋਰਨ ਲਈ ਬਾਹਰ ਖੇਤਾਂ ਵਿਚ ਕੰਮ ਵੀ ਕਰਦੇ ਹਨ ਤੇ ਬੇਰੁਜ਼ਗਾਰੀ ਭੱਤਾ ਵੀ ਲੈਂਦੇ ਹਨ ਪਰ ਜਦੋਂ ਉਹਨਾਂ ਦਾ ਪੁੱਤ ਜਸਵੰਤ ਪੈਸੇ ਕਮਾਉਣ ਦੀ ਅੰਨ੍ਹੀ ਦੌੜ ਵਿਚ ਲਗ ਜਾਂਦਾ ਹੈ ਤਾਂ ਕੁਦਰਤੀ ਮਾਂ ਪਿਓ ਦੀ ਇੱਜ਼ਤ ਦਾ ਸੰਕਲਪ ਭੁੱਲ ਜਾਂਦਾ ਹੈ। ਮਾਪਿਆਂ ਜਿਨ੍ਹਾਂ ਨੇ ਏਨੀ ਮਿਹਨਤ ਕਰਕੇ ਉਸ ਦਾ ਘਰ ਬਣਾਉਣ ਵਿਚ ਸਹਾਇਤਾ ਕੀਤੀ ਤੇ ਆਰਾਮ ਭੁੱਲ ਗਏ, ਉਹਨਾਂ ਨੂੰ ਪੁੱਛਣਾ ਬੰਦ ਕਰ ਦਿੰਦਾ ਹੈ ਤੇ ਉਸੇ ਤਰ੍ਹਾਂ ਉਹਨਾਂ ਦੇ ਬੱਚੇ ਤੇ ਪਤਨੀ ਕਰਦੀ ਹੈ। ਇੱਜਤ ਗੁਆਚਣ ਕਰਕੇ ਹੀ ਅਜਨਬੀਅਤ ਭੋਗਣੀ ਸ਼ੁਰੂ ਕਰ ਦਿੰਦੇ ਹਨ। ਚਰਨ ਸਿੰਘ ਦੀ ਪਤਨੀ ਬਲਵੰਤ ਕੌਰ ਆਪਣੀ ਕੁੜੀ ਦੇ ਬੱਚਿਆਂ ਦੀ ਦੇਖਭਾਲ ਖ਼ਾਤਰ ਉਥੇ ਚਲੀ ਜਾਂਦੀ ਹੈ ਤੇ ਚਰਨ ਸਿੰਘ ਬਿਲਕੁਲ ਇਕੱਲਾ ਅਜਨਬੀ ਬਣ ਜਾਂਦਾ ਹੈ:

> ਉਹਨੂੰ ਲਗਦਾ ਹੈ ਜਿਵੇਂ ਉਹ ਦੁਨੀਆਂ ਵਿਚ ਬਿਲਕੁਲ ਇਕੱਲਾ ਹੋਵੇ ਤੇ ਇਸ ਅਹਿਸਾਸ ਨਾਲ ਉਸਨੂੰ ਇਕ ਅਜੀਬ ਜਿਹਾ ਡਰ ਲਗਦਾ ਤੇ ਉਸ ਉਪਰ ਘੋਰ ਉਦਾਸੀ ਛਾ ਜਾਂਦੀ ਹੈ।[10]

ਚਰਨ ਸਿੰਘ ਨੂੰ ਹੌਲੀ ਹੌਲੀ ਬੇਸਮੈਂਟ ਵਿਚ ਧੱਕ ਦਿੱਤਾ ਜਾਂਦਾ ਹੈ ਕਿਉਂਕਿ ਅੱਜ ਉਸਦੀ ਲੋੜ ਨਹੀਂ ਰਹੀ। ਕੈਨੇਡਾ ਵਿਚ ਰਹਿੰਦਾ ਬਜ਼ੁਰਗ ਮਾਨਸਿਕ ਤਣਾਅ ਵਿਚ ਬਹੁਤਾ ਚਿਰ ਨਹੀਂ ਰਹਿ ਸਕਦਾ ਕਿਉਂਕਿ ਉਸ ਕੋਲ ਅਜਿਹਾ ਘਰ ਛੱਡਣ ਦਾ ਹੀਆ ਈ ਹੈ, ਜਿਸ ਵਿਚ ਉਸਦੀ ਹੋਂਦ ਸਿਫ਼ਰ ਹੈ। ਇਵੇਂ ਕੈਨੇਡਾ ਦੀ ਧਰਤੀ ਸਭ ਤੋਂ ਜ਼ਿਆਦਾ ਬਜ਼ੁਰਗ ਪੰਜਾਬੀ ਪਰਵਾਸੀਆਂ ਦਾ ਇਮਤਿਹਾਨ ਲੈਂਦੀ ਹੈ ਤੇ ਛੇਤੀ ਹੀ ਅਜਨਬੀ ਵਾਲੀ ਭਾਵਨਾ ਪੈਦਾ ਕਰ ਦਿੰਦੀ ਹੈ:

> ਮੁੰਡਾ ਹੁਣ ਮੇਰੀ ਕੋਈ ਗੱਲ ਸੁਣਦਾ ਈ ਨਹੀਂ।[11]

ਪੂੰਜੀਵਾਦੀ ਪ੍ਰਸਥਿਤੀਆਂ 'ਚ ਹੋਂਦ ਦਾ ਸੰਘਰਸ਼ ਸਭ ਤੋਂ ਜ਼ਿਆਦਾ ਬਜ਼ੁਰਗਾਂ ਦੇ ਹਿੱਸੇ ਆਇਆ ਹੈ ਕਿਉਂਕਿ ਉਹ ਸਾਮੰਤਵਾਦੀ ਸੋਚ ਅਨੁਸਾਰੀ ਹਨ ਤੇ ਪਰਿਵਾਰ ਵਿਚ ਮਿਲ ਕੇ ਰਹਿਣ ਦੀ ਸੋਚਦੇ ਹਨ। ਪਿਆਰ ਕਰਦੇ ਹਨ ਤੇ ਇੱਜ਼ਤ ਚਾਹੁੰਦੇ ਹਨ। ਜਿਸ ਲਈ ਉਥੇ ਕਿਸੇ ਹੋਰ ਕੋਲ ਕੋਈ ਸਮਾਂ ਨਹੀਂ। ਏਸੇ ਲਈ ਬਜੁਰਗ ਘਰ-ਘਾਟ ਛੱਡਣ ਲਈ ਮਜਬੂਰ ਹੁੰਦੇ ਹਨ। ਚਰਨ ਸਿੰਘ ਵੀ ਅਖੀਰ ਆਪਣੇ ਦੋਸਤ ਜਵਾਲਾ ਸਿੰਘ ਦੇ ਘਰ ਰਹਿਣ ਲਈ ਤਿਆਰ ਹੋ ਜਾਂਦਾ ਹੈ:

> ਆਪਣੇ ਇਸ ਅਜੀਬ ਫੈਸਲੇ ਨਾਲ ਉਹਨੇ ਅਚਾਨਕ ਆਪਣੇ ਆਪ ਨੂੰ ਫੁੱਲ ਵਰਗਾ ਹੌਲਾ ਤੇ ਅਸਮਾਨ ਵਿਚ ਉਡਦੇ ਪੰਛੀ ਵਾਂਗ ਆਜ਼ਾਦ ਮਹਿਸੂਸ ਕੀਤਾ।[12]

ਆਪਣੇ ਮਾਨਸਿਕ ਤਣਾਓ ਤੋਂ ਛੁਟਕਾਰਾ ਪਾਉਣ ਲਈ ਮਨੁੱਖ ਕੋਈ ਨਾ ਕੋਈ ਰਾਹ ਲੱਭਦਾ ਹੈ। ਚਰਨ ਸਿੰਘ ਜੀਵਨ ਵਿਚ ਅਜਨਬੀਅਤ ਭੋਗਦਾ ਅਪਣੇ ਪੁਰਾਣੇ ਪਿੰਡ ਦੇ ਦਿਨਾਂ ਨੂੰ ਯਾਦ ਕਰਦਾ ਭੂ-ਹੇਰਵਾ ਗ੍ਰਸਤ ਹੋ ਜਾਂਦਾ ਹੈ:

> ਉਸਨੂੰ ਆਪਣੇ ਪਿੰਡ ਬਾਹਰ ਖੇਤਾਂ 'ਚ ਬਣੇ ਘਰ ਦੀ ਯਾਦ ਆਈ ਜਿਥੇ ਖੁੱਲ੍ਹੀ ਹਵਾ ਵਿਚ ਦਿਨ ਦੇ ਥੱਕੇ ਨੂੰ ਉਸਨੂੰ ਕਦੀ ਸੌਣ ਵਿਚ ਮੁਸ਼ਕਿਲ ਹੀ ਨਹੀਂ ਸੀ ਆਈ ਤੇ ਜੇ ਕਿਤੇ ਕਿਸੇ ਫਿਕਰ ਕਾਰਨ ਉਸਨੂੰ ਨੀਂਦ ਨਾ ਆਉਂਦੀ ਤਾਂ ਉਹ ਹਨ੍ਹੇਰੀਆਂ ਰਾਤਾਂ ਨੂੰ ਵੀ ਨਿੰਬਲ ਅਸਮਾਨ ਤੇ ਚਮਕਦੇ ਤਾਰਿਆਂ ਦੀ ਇਬਾਰਤ ਪੜ੍ਹਦਾ ਪੜ੍ਹਦਾ ਸੌਂ ਜਾਂਦਾ ਹੁੰਦਾ ਸੀ।[13]

ਚਰਨ ਸਿੰਘ ਸਭਿਆਚਾਰਕ ਤਣਾਓ ਗ੍ਰਸਤ ਹੋ ਜਾਂਦਾ ਹੈ। ਉਹ ਇਸਦਾ ਹੱਲ ਪਿੰਡ ਵਾਪਸ ਜਾਣ ਵਿਚ ਨਹੀਂ ਬਲਕਿ ਏਥੇ ਹੀ ਰਹਿ ਕੇ ਪਰ ਅਲੱਗ ਪ੍ਰਸਥਿਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਹੋ ਜਾਂਦਾ ਹੈ।

ਸਾਧੂ ਬਿਨਿੰਗ ਦੀ ਕਹਾਣੀ 'ਫੌਜੀ ਬੰਤਾ ਸਿੰਘ' ਵਿਚ ਭੂ ਹੇਰਵੇ ਨੂੰ ਚਿਤਰਿਆ ਗਿਆ ਹੈ। ਫੌਜੀ ਬੰਤਾ ਸਿੰਘ ਨੂੰ ਕਨੇਡਾ ਆਏ ਨੂੰ ਦਸ ਸਾਲ ਤੋਂ ਉਪਰ ਹੋ ਚੁੱਕੇ ਹਨ। ਆਪਣੇ ਹੀ ਮੁੰਡੇ ਦੇ ਘਰ ਕਿਰਾਏ ਤੇ ਰਹਿੰਦਾ ਹੈ ਤੇ ਸੌ ਡਾਲਰ ਕਿਰਾਏ ਦੇ ਦਿੰਦਾ ਹੈ ਤੇ ਬਦਲੇ ਵਿਚ ਉਹ ਉਸ ਨੂੰ ਥੱਲੇ ਹੀ ਰੋਟੀ ਭੇਜ ਦਿੰਦੇ ਹਨ। ਇਸ ਤਰ੍ਹਾਂ ਬਜ਼ੁਰਗਾਂ ਦੀ ਸਭਿਆਚਾਰਕ ਤਣਾਓ ਭਰੀ ਜ਼ਿੰਦਗੀ ਨੂੰ ਪ੍ਰਸਤੁਤ ਕੀਤਾ ਗਿਆ ਹੈ ਪਰ ਕੈਨੇਡਾ ਦੇ ਸਭਿਆਚਾਰ ਵਿਚ ਇਹ ਸਧਾਰਨ ਜਿਹੀ ਗੱਲ ਹੈ। ਉਸਨੂੰ ਆਪਣੇ ਪੋਤੇ ਪੋਤੀਆਂ ਦਾ ਜੀਵਨ ਢੰਗ ਵੀ ਪਸੰਦ ਨਹੀਂ ਹੈ ਜਿਹੜੇ ਆਪਣੀ ਹੀ ਮਸਤੀ ਵਿਚ ਗੁੰਮ ਰਹਿੰਦੇ ਹਨ। ਇਸ ਖੋਖਲੇ ਹੋ ਚੁੱਕੇ ਸਮਾਜ ਵਿਚ ਇਕੱਲਤਾ ਭੋਗਦਾ ਫੌਜੀ ਭੂ ਹੇਰਵਾ ਗ੍ਰਸਤ ਹੋ ਜਾਂਦਾ ਹੈ। ਪਿੰਡ ਯਾਦ ਆਉਂਦਾ ਹੈ, ਪੈਲੀਆਂ ਵਿਚ ਤੁਰਨ ਨੂੰ ਕਲਪਿਤ ਕਰ ਉੱਠਦਾ ਹੈ:

> ਕਾਕਾ ਰਤੀ ਮਨ ਨੀਂ ਲਗਦਾ ਇਸ ਪਰਾਈ ਧਰਤ 'ਤੇ ਦਿਲ ਕਰਦਾ ਪਈ ਅੱਖਾਂ ਬੰਦ ਕਰਕੇ ਖੋਲ੍ਹਾਂ ਤਾਂ ਪਿੰਡ ਹੋਵਾਂ। ਉਥੇ ਸਹੁਰਾ ਪੈਲੀਆਂ 'ਚ ਫਿਰ ਤੁਰ ਕੇ ਇਧਰ ਉਧਰ ਦੇ ਯੱਕੜਮਾਰ ਕੇ ਵਾਹਵਾ ਦਿਨ ਲੰਘਦੇ ਸੀਗੇ।[14]

ਪੰਜਾਬੀ ਪ੍ਰਵਾਸੀ ਬਜ਼ੁਰਗਾਂ ਨੂੰ ਭੂ ਹੇਰਵੇ ਤੋਂ ਨਿਕਲਣ ਦਾ ਇਕੋ ਇਕ ਰਾਹ ਪਿਛੇ ਰਹਿ ਚੁੱਕੇ ਪੰਜਾਬ, ਪੰਜਾਬੀ ਜੀਵਨ ਨੂੰ ਯਾਦ ਕਰਨਾ ਹੀ ਰਹਿ ਜਾਂਦਾ ਹੈ। ਇਹ ਲੋਕ ਪੱਛਮੀ ਜੀਵਨ ਜਾਚ ਨੂੰ ਛੇਤੀ ਕੀਤਿਆਂ ਪ੍ਰਵਾਨ ਨਹੀਂ ਕਰਦੇ। ਫੌਜੀ ਵਿਦੇਸ਼ ਵਿਚ 10-11 ਸਾਲ ਰਹਿ ਕੇ ਵੀ ਪੱਛਮੀ ਜ਼ਿੰਦਗੀ ਵਿਚ ਢਲ ਨਹੀਂ ਸਕਿਆ।

ਸਾਧੂ ਬਿਨਿੰਗ ਕਹਾਣੀ 'ਫਾਰਮਰ ਜੈਰੀ' ਵਿਚ ਔਰਤ ਦੀ ਪਰਿਵਰਤਿਤ ਸਥਿਤੀ ਨੂੰ ਪ੍ਰਸਤੁਤ ਕੀਤਾ ਗਿਆ ਹੈ। ਇਸ ਕਹਾਣੀ ਵਿਚਲਾ ਨਾਇਕ ਆਪਣੀ ਪਤਨੀ 'ਤੇ ਗੁੱਸਾ ਕਰਦਾ ਹੈ ਕਿਉਂਕਿ ਉਸਨੇ ਮਜ਼ਦੂਰ ਯੂਨੀਅਨ ਵਾਲਿਆਂ ਲਈ ਦਰਵਾਜ਼ਾ ਖੋਲ੍ਹ ਦਿੱਤਾ ਸੀ, ਪਰ ਕੁੱਟਣ ਤੋਂ ਡਰਦਾ ਹੈ ਕਿਉਂਕਿ ਇਕ ਵਾਰ ਪਹਿਲਾਂ ਦੀ ਨਮੋਸ਼ੀ ਉਹ ਭੁੱਲ ਨਹੀਂ ਸੀ ਸਕਿਆ ਜਦੋਂ ਬਿੰਦਰ ਦੇ ਥੱਪੜ ਮਾਰਨ ਤੇ ਉਸਨੂੰ ਬੱਚਿਆਂ ਦੇ ਸਾਹਮਣੇ ਮਾਫ਼ੀ ਮੰਗਣੀ ਪਈ ਸੀ। ਪੱਛਮੀ ਸਮਾਜ ਔਰਤ ਦੇ ਹੱਕ ਵਿਚ ਖੜ੍ਹਾ ਹੈ। ਇਥੇ ਔਰਤ ਪਤੀ ਦੀ ਗੁਲਾਮ ਨਹੀਂ। ਜੈਰੀ ਦੀ ਮਾਨਸਿਕਤਾ ਇਸ ਤਰ੍ਹਾਂ ਪੇਸ਼ ਹੋਈ ਹੈ:

> ਜੈਰੀ ਨੂੰ ਗੁੱਸਾ ਤਾਂ ਏਨਾ ਆਇਆ ਕਿ ਉਸਦਾ ਦਿਲ ਕੀਤਾ ਕਿ ਉਹ ਬਿੰਦਰ ਦੇ ਦੋ ਥੱਪੜ ਜੜ ਦੇਵੇ। ਪਰ ਬਿੰਦਰ ਨੂੰ ਮਾਰਨਾ ਚਾਹੁੰਦੇ ਹੱਥ ਅੰਦਰ ਦੀ ਕਿਸੇ ਸੋਚ ਨੇ ਉੱਠਣ ਨਾ ਦਿੱਤੇ। ਪਿਛਲੇ ਕੁਝ ਸਮੇਂ ਤੋਂ ਬਿੰਦਰ

> ਉਸਦੇ ਸਾਹਮਣੇ ਬੋਲਣ ਲੱਗ ਪਈ ਸੀ। ਪਹਿਲਾਂ ਇਸ ਤਰ੍ਹਾਂ ਨਹੀਂ ਸੀ ਹੁੰਦਾ। ਆਪਣੇ ਵਿਆਹ ਦੇ ਪਹਿਲੇ ਕਈ ਵਰ੍ਹੇ ਉਹ ਬਿੰਦਰ ਨੂੰ ਮਨਮਰਜ਼ੀ ਨਾਲ ਕੁੱਟਦਾ ਆਇਆ ਸੀ। ਪਰ ਪਿਛਲੀ ਵਾਰ ਬਿੰਦਰ ਦੇ ਥੱਪੜ ਮਾਰਨਾ ਉਸਨੂੰ ਬਹੁਤ ਮਹਿੰਗਾ ਪਿਆ ਸੀ। ਨਿਆਣਿਆਂ ਸਾਹਮਣੇ ਮਾਫ਼ੀ ਮੰਗਣ ਬਾਅਦ ਹੀ ਕਿਤੇ ਜਾ ਕੇ ਘਰ 'ਚ ਸ਼ਾਂਤੀ ਹੋਈ ਸੀ।[15]

ਉਥੋਂ ਦੀ ਔਰਤ ਜਗੀਰੂ ਸੋਚ ਦੇ ਧਾਰਨੀ ਪਤੀ ਨੂੰ ਸਬਕ ਸਿਖਾਉਂਦੀ ਹੈ। ਉਹ ਬਰਾਬਰੀ ਦੀ ਮੰਗ ਕਰਦੀ ਹੈ।

## ਹਵਾਲੇ ਅਤੇ ਟਿੱਪਣੀਆਂ

1. ਸਾਧੂ ਸਿੰਘ, ਕਿਸਦਾ ਕਸੂਰ, ਪੰਨਾ 103
2. ਉਹੀ, ਪੰਨਾ 102
3. ਉਹੀ, ਪੰਨਾ 104
4. ਜੁਗਿੰਦਰ ਸਿੰਘ ਨਹਿਰੂ, ਕੈਨੇਡੀਅਨ ਪੰਜਾਬੀ ਸਾਹਿਤ, ਪੰਨਾ 64
5. ਇਕਬਾਲ ਸਿੰਘ ਭੋਮਾ, ਖੋਜ ਦਰਪਣ (ਜੁਲਾਈ 1994), ਪੰਨਾ 45
6. ਸਾਧੂ ਸਿੰਘ, ਲੀਹੋਂ ਲੱਥੇ, ਪੰਨਾ 33
7. ਉਹੀ, ਪੰਨਾ 43
8. ਡਾ. ਰਘਬੀਰ ਸਿੰਘ ਸਿਰਜਣਾ, ਸਿਰਜਣ (ਅੰਕ 98), ਪੰਨਾ 51
9. ਜੁਗਿੰਦਰ ਸਿੰਘ ਨਹਿਰੂ, ਕੈਨੇਡੀਅਨ ਪੰਜਾਬੀ ਸਾਹਿਤ, ਪੰਨਾ 92
10. ਸਾਧੂ ਸਿੰਘ, ਲੀਹੋਂ ਲੱਥੇ, ਪੰਨਾ 46
11. ਉਹੀ, ਪੰਨਾ 45
12. ਉਹੀ
13. ਉਹੀ ਪੰਨਾ 54
14. ਉਹੀ, ਕਿਸਦਾ ਕਸੂਰ, ਪੰਨਾ 48
15. ਉਹੀ, ਪੰਨਾ 107